Australian Government

Tuition Protection Service

# ਇਕ ਸਿੱਖਿਆ ਪ੍ਰਦਾਤੇ ਦੇ ਡਿਫਾਲਟਰ ਹੋਣ ਤੋਂ ਬਾਅਦ ਵਿਦਿਆਰਥੀ ਸਹਾਇਤਾ ਪ੍ਰਕਿਰਿਆ



ਤੁਹਾਡਾ ਸਿੱਖਿਆ ਜਾਂ ਸਿਖਲਾਈ ਪ੍ਰਦਾਤਾ:

- ਬੰਦ ਹੋ ਜਾਂਦਾ ਹੈ, ਉਹ ਕੋਰਸ ਸ਼ੁਰੂ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਜਿਸ ਵਿੱਚ ਤੁਸੀਂ ਦਾਖਲ ਹੋ, ਜਾਂ ਤੁਹਾਡੇ ਕੋਰਸ ਨੂੰ ਪੂਰਾ ਕਰਨ ਤੋਂ ਪਹਿਲਾਂ ਪੇਸ਼ ਕਰਨਾ ਬੰਦ ਕਰ ਦਿੰਦਾ ਹੈ; ਅਤੇ
- ਪ੍ਰਦਾਤਾ ਤੁਹਾਡੀਆਂ ਟਿਊਸ਼ਨ ਫ਼ੀਸਾਂ ਵਾਪਸ ਕਰਨ ਦੇ ਯੋਗ ਨਹੀਂ ਹੈ, ਤੁਹਾਡੀਆਂ ਟਿਊਸ਼ਨ ਫ਼ੀਸਾਂ ਨੂੰ ਸਰਗਰਮੀ ਨਾਲ ਵਾਪਸ ਨਹੀਂ ਕਰ ਰਿਹਾ ਹੈ, ਜਾਂ ਤੁਹਾਡੇ ਲਈ ਕਿਸੇ ਹੋਰ ਪ੍ਰਦਾਤੇ ਨਾਲ ਤੁਹਾਡੀ ਪੜ੍ਹਾਈ ਪੂਰੀ ਕਰਨ ਦਾ ਪ੍ਰਬੰਧ ਨਹੀਂ ਕਰ ਰਿਹਾ ਹੈ।

TPS ਇਸ ਨੂੰ **'ਡਿਫਾਲਟਰ ਪ੍ਰਦਾਤਾ'** ਕਹਿੰਦਾ ਹੈ।



**TPS** ਤੁਹਾਡੇ ਵੱਲੋਂ ਦਿੱਤੇ ਸੰਪਰਕ ਵੇਰਵਿਆਂ ਰਾਹੀਂ ਤੁਹਾਡੇ ਨਾਲ ਸੰਪਰਕ ਕਰਦਾ ਹੈ।



**TPS** ਤੁਹਾਨੂੰ ਇਕ ਜਾਣਕਾਰੀ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦਾ ਹੈ ਤਾਂ ਜੋ ਅੱਗੇ ਕੀ ਕਰਨਾ ਹੈ ਇਸ ਬਾਰੇ ਸਲਾਹ ਪ੍ਰਦਾਨ ਕੀਤੀ ਜਾ ਸਕੇ ਅਤੇ ਤੁਹਾਨੂੰ ਦਿਖਾਇਆ ਜਾ ਸਕੇ ਕਿ TPS ਔਨਲਾਈਨ ਕੇਸ ਪ੍ਰਬੰਧ ਵਾਲੀ ਪ੍ਰਣਾਲੀ ਦੀ ਵਰਤੋਂ ਕਿਵੇਂ ਕਰਨੀ ਹੈ।

**TPS** ਤੁਹਾਨੂੰ ਲੌਗ-ਇਨ ਕਰਨ ਲਈ ਇਕ ਈਮੇਲ ਭੇਜਦਾ ਹੈ। **ਤੁਸੀਂ** www.tps.gov.au ਰਾਹੀਂ TPS ਤੱਕ ਔਨਲਾਈਨ ਪਹੁੰਚ ਕਰ ਸਕਦੇ ਹੋ।



**ਤੁਸੀਂ** TPS ਔਨਲਾਈਨ ਵਿੱਚ ਲੌਗ-ਇਨ ਕਰੋ।

TPS ਔਨਲਾਈਨ ਵਿੱਚ, **ਤੁਹਾਨੂੰ** ਆਪਣਾ ਪਾਸਵਰਡ ਬਦਲਣ, ਇਹ ਦੱਸਣ ਦੀ ਲੋੜ ਹੋਵੇਗੀ ਕਿ ਕੀ ਤੁਹਾਡਾ ਪ੍ਰਦਾਤਾ ਤੁਹਾਡੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦਾ ਹੈ, ਫ਼ੋਟੋ ਵਾਲਾ ਪਛਾਣ ਪੱਤਰ (ਪਾਸਪੋਰਟ ਜਾਂ ਡਰਾਈਵਰ ਦਾ ਲਾਇਸੈਂਸ) ਅੱਪਲੋਡ ਕਰਨ, ਅਤੇ ਆਪਣੇ ਸੰਪਰਕ ਵੇਰਵਿਆਂ ਨੂੰ ਅੱਪਡੇਟ ਕਰਨ ਦੀ ਲੋੜ ਹੋਵੇਗੀ।



**TPS** ਆਸਟ੍ਰੇਲੀਆ ਦੇ ਕਿਸੇ ਦੂਸਰੇ ਪ੍ਰਦਾਤੇ ਨਾਲ ਤੁਹਾਡੀ ਸਿੱਖਿਆ ਅਤੇ ਸਿਖਲਾਈ ਸ਼ੁਰੂ ਕਰਨ/ਜਾਰੀ ਰੱਖਣ ਲਈ ਢੁੱਕਵੇਂ ਵਿਕਲਪ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।



ਜੇ ਕੋਈ ਦੂਸਰਾ ਢੁੱਕਵਾਂ ਪ੍ਰਦਾਤਾ ਨਹੀਂ ਲੱਭਿਆ ਜਾਂਦਾ, ਜਾਂ ਕੋਰਸ ਬਦਲਣ ਦੀ ਮਿਆਦ ਖਤਮ ਹੋ ਜਾਂਦੀ ਹੈ, ਤਾਂ **TPS** ਤੁਹਾਡੇ ਵੱਲੋਂ ਅਦਾ ਕੀਤੀਆਂ ਕਿਸੇ ਵੀ ਫ਼ੀਸਾਂ ਦੀ ਵਾਪਸੀ ਵਾਸਤੇ ਤੁਹਾਡੇ ਦਾਅਵੇ ਦਾ ਮੁਲਾਂਕਣ ਕਰੇਗਾ ਜੋ ਤੁਹਾਡੇ ਵੱਲੋਂ ਪਹਿਲਾਂ ਹੀ ਤੁਹਾਡੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨ ਵਿੱਚ ਨਹੀਂ ਵਰਤੀ ਗਈ ਹੈ।

TPS ਇਸ ਨੂੰ **'ਅਣਖਰਚੀ ਟਿਊਸ਼ਨ ਫ਼ੀਸ'** ਕਹਿੰਦਾ ਹੈ।

**ਤੁਹਾਨੂੰ** TPS ਨੂੰ ਵਿੱਤੀ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਹੋਵੇਗੀ ਜੋ ਤੁਹਾਡੀਆਂ ਕੋਰਸ ਫ਼ੀਸਾਂ ਅਤੇ ਤੁਹਾਡੇ ਪ੍ਰਦਾਤੇ (ਅਤੇ ਤੁਹਾਡੇ ਏਜੰਟ, ਜੇ ਤੁਹਾਡੇ ਕੋਲ ਕੋਈ ਹੈ) ਨੂੰ ਕੀਤੇ ਗਏ ਸਾਰੇ ਭੁਗਤਾਨਾਂ ਦੇ ਸਬੂਤ ਦਰਸਾਉਂਦੇ ਹਨ। ਇਹ ਤੁਹਾਡੇ ਪੈਸਿਆਂ ਦੀ ਵਾਪਸੀ ਦਾ ਹਿਸਾਬ ਲਗਾਉਣ ਲਈ ਜ਼ਰੂਰੀ ਹਨ।



**TPS** ਤੁਹਾਡੀ ਪੈਸਿਆਂ ਦੀ ਵਾਪਸੀ ਦਾ ਹਿਸਾਬ ਲਗਾਉਂਦਾ ਹੈ ਅਤੇ ਤੁਹਾਨੂੰ TPS ਔਨਲਾਈਨ ਵਿੱਚ ਆਪਣੇ ਬੈਂਕ ਖਾਤੇ ਦੇ ਵੇਰਵੇ ਪ੍ਰਦਾਨ ਕਰਨ ਲਈ ਇਕ ਈਮੇਲ ਭੇਜਦਾ ਹੈ।

**ਤੁਸੀਂ** TPS ਔਨਲਾਈਨ ਵਿੱਚ ਆਪਣੇ ਬੈਂਕ ਖਾਤੇ ਦੇ ਵੇਰਵੇ ਪ੍ਰਦਾਨ ਕਰਦੇ ਹੋ। **TPS** ਤੁਹਾਡੇ ਨਾਮਜ਼ਦ ਬੈਂਕ ਖਾਤੇ ਵਿੱਚ ਅਣਖਰਚੀਆਂ ਟਿਊਸ਼ਨ ਫ਼ੀਸਾਂ ਦੀ ਵਾਪਸੀ ਕਰਦਾ ਹੈ।



ਜੇ ਤੁਸੀਂ ਇਕ ਅੰਤਰਰਾਸ਼ਟਰੀ ਵਿਦਿਆਰਥੀ ਹੋ, ਤਾਂ **ਤੁਹਾਨੂੰ** ਆਸਟ੍ਰੇਲੀਆ ਵਿੱਚ ਪੜ੍ਹਾਈ ਜਾਰੀ ਰੱਖਣ ਅਤੇ ਤੁਹਾਡੇ ਵਿਦਿਆਰਥੀ ਵੀਜ਼ਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿੰਨ ਮਹੀਨਿਆਂ ਦੇ ਅੰਦਰ ਕਿਸੇ ਹੋਰ ਪ੍ਰਦਾਤੇ ਕੋਲ ਦਾਖਲਾ ਲੈਣ ਦੀ ਲੋੜ ਹੈ।

**ਤੁਸੀਂ** ਆਸਟ੍ਰੇਲੀਆ ਵਿੱਚ ਪੜ੍ਹਾਈ ਜਾਰੀ ਰੱਖਦੇ ਹੋ।